This question paper contains 3 printed pages]

*Your Roll No*................

**502**

**B.A. (PROGRAMME)/II/III** B

PUNJABI LANGUAGE (A)—Paper II

(Advanced Punjabi)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਬਾਰੇ **500** ਸ਼ਬਦਾਂ ਵਿੱਚ ਨਿਬੰਧ ਲਿਖੋ :

(ੳ) ਅਜੋਕੀ ਵਿਦਿਆ ਪ੍ਰਣਾਲੀ;

(ਅ) ਬੇਰੁਜ਼ਗਾਰੀ ਦੀ ਸਮੱਸਿਆ;

(ੲ) ਗੁਰੂ ਨਾਨਕ ਦੇਵ ਜੀ;

(ਸ) ਵਿਦਿਆਰਥੀ ਅਤੇ ਰਾਜਨੀਤੀ । 15

P.T.O.

2. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਦਾ ਸਾਰਾਂਸ਼ ਲਿਖੋ :

"ਜਿਸ ਬੋਲੀ ਵਿੱਚ ਵਿਆਕਰਣ, ਕੋਸ਼ ਤੇ ਸਾਹਿਤ ਦਾ ਨਿਰਮਾਣ ਹੋ ਗਿਆ ਹੋਵੇ, ਆਮ ਕਰਕੇ ਉਸਨੂੰ ਸਾਹਿੱਤਕ ਬੋਲੀ ਕਹਿਣ ਦਾ ਰਿਵਾਜ਼ ਹੈ। ਅਜਿਹੀ ਬੋਲੀ ਸਰਕਾਰੀ ਬੋਲੀ ਬਣਨ ਦੇ ਗੁਣ ਰੱਖਦੀ ਹੈ। ਵਿਸ਼ੇਸ਼ ਨੇਮਾਂ ਤੇ ਪ੍ਰਯੋਗਾਂ ਦੇ ਕਾਰਣ ਅਜਿਹੀ ਸਾਹਿੱਤਕ ਬੋਲੀ ਇਕ ਤਰ੍ਹਾਂ ਕਿਤਾਬੀ ਬੋਲੀ ਬਣ ਜਾਂਦੀ ਹੈ। ਇਸ ਉਪੱਰ ਪਿਛਲੀ ਪੀੜ੍ਹੀ ਦੇ ਲੇਖਕਾਂ ਦਾ ਗੂੜ੍ਹਾ ਪ੍ਰਭਾਵ ਹੁੰਦਾ ਹੈ। ਸਾਧਾਰਨ ਲੋਕਾਂ ਦੀ ਬੋਲੀ ਸਾਹਿਤੱਕ ਭਾਸ਼ਾ ਤੋਂ ਵੱਖਰੀ ਹੁੰਦੀ ਹੈ। ਇਸ ਵਿੱਚ ਪੇਂਡੂ ਰੰਗਤ ਵਧੇਰੇ ਹੁੰਦੀ ਹੈ। ਸਿੱਖਿਆ ਦੇ ਪਾਸਾਰ ਇਹਨਾਂ ਵਿਚਲਾ ਅੰਤਰ ਘਟਦਾ ਹੈ। ਇਸ ਦੇ ਬਾਵਜੂਦ ਇਸਦਾ ਵਖਰੇਵਾ ਬਣਿਆ ਰਹਿੰਦਾ ਹੈ। ਕਈ ਲੇਖਕ ਤਾਂ ਲੋਕਾਂ ਕੀ ਬੋਲੀ ਵਿੱਚ ਹੀ ਸਾਹਿਤ ਰਚਨਾ ਕਰਦੇ ਹਨ।" 10

3. ਹੇਠ ਲਿਖੀ ਵਾਰਤਾਲਾਪ ਨੂੰ ਵਿਸਰਾਮ ਚਿੰਨ੍ਹ ਲਾ ਕੇ ਲਿਖੋ : 10

"ਭਗਵੰਤ ਨੇ ਗੇਟ ਤੋਂ ਜ਼ਰਾ ਦੂਰ ਆ ਕੇ ਇਕ ਲੰਘਦੇ ਜਾਂਦੇ ਖ਼ਾਲੀ ਟਾਂਗੇ ਵਾਲੇ ਨੂੰ ਅਵਾਜ਼ ਮਾਰੀ ਤੇ ਅਮੀਰਾਂ ਵਾਂਗ ਬਿਨਾਂ ਪੈਸੇ ਮੁਕਾਇਆਂ ਬੈਠ ਗਿਆ।

ਟਾਂਗੇ ਵਾਲੇ ਨੇ ਪੁੱਛਿਆ ਕਿੱਥੇ ਜਾਣਾ ਹੈ ਸਰਦਾਰ ਸਾਹਿਬ ਲਾਰੰਸ ਬਾਗ਼ ਟਾਂਗਾ ਟੁਰ ਪਿਆ ਮੈਂ ਲਾਰੰਸ ਬਾਗ ਨਹੀਂ ਜਾਣਾ ਮੈਨੂੰ ਉਤਾਰ ਦਿਉ ਮੈਂ ਠਰੰਮੇ ਨਾਲ ਕਿਹਾ।"

4. ਕਿਸੇ ਪੰਜਾਬੀ ਨਾਵਲ, ਜਾਂ ਕਹਾਣੀ ਦਾ ਸਾਰ ਆਪਣੇ ਸ਼ਬਦਾਂ 'ਚ ਲਿਖੋ।

ਜਾਂ

ਭ੍ਰਿਸ਼ਟਾਚਾਰ, ਮਨੁੱਖੀ ਰਿਸ਼ਤੇ, ਪਿਆਰ ਵਿਚੋਂ ਕਿਸੇ ਇਕ ਵਿਸ਼ੇ ਉੱਤੇ 10-15 ਸਤਰਾਂ ਦੀ ਕਵਿਤਾ ਲਿਖੋ। 10

5. ਕਿਸੇ ਫ਼ਿਲਮ ਦੇ ਵਿਸ਼ੇ ਬਾਰੇ ਕੇਸਤ ਹੋਈ ਚਰਚਾ ਨੂੰ ਵਾਰਤਾਲਾਪ ਸ਼ੈਲੀ 'ਚ ਲਿਖੋ । 10

6. ਪੰਜਾਬੀ ਦੀਆਂ ਤਿੰਨ ਉਪ-ਭਾਸ਼ਾਵਾਂ ਦੇ ਨਾਂ ਦੱਸ ਕੇ ਉਹਨਾਂ ਦੀਆਂ ਉਦਾਹਰਣਾਂ ਦਿਉ ।

ਜਾਂ

ਕਾਰਕ ਕਿੰਨੀ ਪ੍ਰਕਾਰ ਦੇ ਹਨ ? ਨਾਂ ਲਿਖ ਕੇ ਕਿਸੇ ਦੋ ਨੂੰ ਉਦਾਹਰਣ ਸਹਿਤ ਸਪੱਸ਼ਟ ਕਰੋ । 10

7. ਆਪਣੇ ਕਾਲਜ ਵਿਚ ਆਏ ਮਹਿਮਾਨ ਵਲੋਂ ਕਿਸੇ ਖ਼ਾਸ ਮੌਕੇ ਉੱਤੇ ਦਿੱਤੇ ਗਏ ਭਾਸ਼ਣ ਦੇ ਨੋਟਸ ਤਿਆਰ ਕਰੋ ।

ਜਾਂ

ਤੁਹਾਡੇ ਅਧਿਆਪਕ ਵਲੋਂ ਜਮਾਤ ਵਿਚ ਪੜ੍ਹਾਏ ਗਏ ਕਿਸੇ ਪਾਠ ਦੇ ਨੋਟਸ ਤਿਆਰ ਕਰੋ । 10